ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ: [OnenessInDiversity.com](https://OnenessInDiversity.com)**

**ਈਮੇਲ: onenessindiversityfoundation@gmail.com**

# ਵੀਡੀਓ 'ਖ਼ੁਦੀ ਦਾ ਖੇੜਾ' ਦੀ ਸਕ੍ਰਿਪਟ

ਹਾਜ਼ਰਾ-ਹਜ਼ੂਰ ਦੀ ਊਰਜਾ ਨਾਲ ਚੱਲਣਹਾਰ ਸੰਸਾਰ ਅਜਿਹਾ ਕਾਇਨਾਤੀ ਅਜੂਬਾ ਹੈ ਜੋ ਆਪਣੇ ਅਨੰਤ ਰੂਪਾਂ ਵਿੱਚ ਜ਼ਾਹਰ ਹੁੰਦਾ ਹੈ। ਮਨੁੱਖ ਇਸੇ ਸਿਰਜਣਾ ਦਾ ਹਿੱਸਾ ਹੈ ਜੋ ਸੰਸਾਰ ਦੀ ਵਿਸ਼ਾਲਤਾ ਵਿੱਚ ਜ਼ੱਰਾ ਮਾਤਰ ਹੈ। ਤਰਕਸੰਗਤੀ ਦੀ ਕਾਬਲੀਅਤ ਨੇ ਉਸ ਦਾ ਯਕੀਨ ਬੰਨ੍ਹਾ ਦਿੱਤਾ ਹੈ ਕਿ ਉਹ ਵੱਖਰਾ ਹੈ ਅਤੇ ਸਿਰਜਣਾ ਦੇ ਬਾਕੀ ਰੂਪਾਂ ਤੋਂ ਬਿਹਤਰ ਹੈ। ਉਸ ਦੀ ਹਉਮੈ ਉਨ੍ਹਾਂ ਦੇ ਆਪਣੇ-ਆਪੇ ਦੀ ਸਮਝ ਦੇ ਰਾਹ ਵਿੱਚ ਰੋੜਾ ਬਣ ਜਾਂਦੀ ਹੈ। ਇਸ ਪੇਸ਼ਕਸ਼ ਰਾਹੀਂ ਉਪ-ਮਹਾਂਦੀਪ ਦੇ ਸੰਤਾਂ ਦੀ ਫ਼ਲਸਫ਼ੀਆਨਾ ਲਫ਼ਜ਼ਾਲੀ ਦੇ ਜ਼ਰੀਏ ਮਨੁੱਖਾ ਰਮਜ਼ ਨੂੰ ਖੋਲ੍ਹਣ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਜਾ ਰਿਹਾ ਹੈ।

ਭਗਤੀ ਅਤੇ ਸੂਫ਼ੀ ਲਹਿਰਾਂ ਦੇ ਉਪ-ਮਹਾਂਦੀਪ ਦੇ ਸੰਤਾਂ ਦਾ ਸਮਾਂ ੧੩ਵੀਂ ਤੋਂ ੧੭ਵੀਂ ਸਦੀ ਦੌਰਾਨ ਸੀ ਜਿਸ ਵਿੱਚ ਉਨ੍ਹਾਂ ਸਮਾਜਿਕ-ਮਜ਼ਹਬੀ ਸੁਧਾਰ ਦੀ ਝੰਡਾਬਰਦਾਰੀ ਕੀਤੀ। ਇਨ੍ਹਾਂ ਵਿੱਚੋਂ ਕੁਝ ਸੰਤਾਂ ਦਾ ਰੂਹਾਨੀ ਕਲਾਮ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਜੋ ਦੁਨੀਆਵੀਂ ਲਾਲਸਾਵਾਂ ਤੋਂ ਉੱਤੇ ਮਨੁੱਖਾ ਦੀ ਅੰਦਰੂਨੀ ਆਰਜ਼ੂ ਨੂੰ ਮੁਖਾਤਬ ਹੈ।

ਇਨ੍ਹਾਂ ਉਪ-ਮਹਾਂਦੀਪ ਦੇ ਸੰਤਾਂ ਲਈ ਹਾਜ਼ਰਾ-ਹਜ਼ੂਰੀ ਊਰਜਾ, ਇਜ਼ਹਾਰ ਦੀ ਰਮਜ਼ੀ ਪਰਤ ਹੈ ਜੋ ਇੱਕੋ ਸਿਰਜਣਹਾਰੀ, ਪਾਲਣਹਾਰੀ ਅਤੇ ਨਾਸ਼ਕ ਹੈ। ਉਹ ਊਰਜਾ ਨੂੰ ਜੋਤ ਕਹਿੰਦੇ ਹਨ ਜੋ ਕਈ ਮਜ਼ਹਬੀ ਦਸਤੂਰ ਵਿੱਚ ਪ੍ਰਮਾਤਮਾ ਕਹਾਉਂਦੀ ਹੈ। ਇਹ ਊਰਜਾ ਸਿਰਜਣਾ ਦੇ ਹਰ ਕਣ ਵਿੱਚ ਹਾਜ਼ਰ ਹੈ ਜਿਸ ਕਾਰਨ ਇਨ੍ਹਾਂ ਵਿੱਚ ਕੋਈ ਫ਼ਾਸਲਾ ਨਹੀਂ ਹੈ। ਜਿਵੇਂ ਸਮੁੰਦਰ ਦੀਆਂ ਲਹਿਰਾਂ ਉਸੇ ਵਿੱਚੋਂ ਉਠਦੀਆਂ ਹਨ ਅਤੇ ਉਸੇ ਵਿੱਚ ਸਮਾ ਜਾਂਦੀਆਂ ਹਨ। ਇਸੇ ਤਰ੍ਹਾਂ ਸਿਰਜਣਾ ਦੀ ਹੇਠਲੀ ਪਰਤ ਦਾ ਇਜ਼ਹਾਰ ਜੋਤ ਰੂਪ ਵਿੱਚ ਕਈ ਰੂਪਾਂ ਵਿੱਚ ਹੁੰਦਾ ਹੈ ਅਤੇ ਉਸੇ ਤਰ੍ਹਾਂ ਇਹ ਉਸੇ ਵਿੱਚ ਵਾਪਸ ਸਮਾ ਜਾਂਦੀਆਂ ਹਨ।

*ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥*
*ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥*

*(ਰਾਗੁ ਧਨਾਸਰੀ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)*

ਤੇਰੀਆਂ ਅਨੇਕ ਅੱਖਾਂ ਹਨ ਪਰ ਫਿਰ ਵੀ ਤੇਰੀ ਕੋਈ ਨਹੀਂ।
ਤੇਰੇ ਅਨੇਕ ਰੂਪ ਹਨ ਪਰ ਫਿਰ ਵੀ ਤੇਰਾ ਕੋਈ ਨਹੀਂ।
ਤੇਰੇ ਅਨੇਕ ਪੈਰ ਹਨ ਪਰ ਫਿਰ ਵੀ ਤੇਰਾ ਕੋਈ ਨਹੀਂ।
ਕਿਸੇ ਨੱਕ ਤੋਂ ਬਿਨਾਂ ਹੀ ਤੇਰੇ ਅਨੇਕ ਨੱਕ ਹਨ।
ਮੈਨੂੰ ਤੇਰੀ ਖੇਡ ਨੇ ਮੋਹ ਲਿਆ ਹੈ।
(ਰਾਗ ਧਨਾਸਰੀ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)

ਉਪ-ਮਹਾਂਦੀਪ ਦੇ ਸੰਤਾਂ ਨੇ ਸਿਰਜਣਾ ਦੇ ਸਿਰਜਣਹਾਰੇ, ਪਾਲਣਹਾਰੇ ਅਤੇ ਨਾਸ਼ਕ ਤੱਤਾਂ ਨੂੰ 'ਓਂਕਾਰ' ਵਜੋਂ ਮੁਖਾਤਬ ਕੀਤਾ। ਗੁਰੂ ਨਾਨਕ ਨੇ 'ਓਂਕਾਰ' ਦੇ ਅੱਗੇ ਇੱਕ ਦਾ ਹਿੰਦਸਾ ਜੋੜ ਦਿੱਤਾ ਜਿਸ ਰਾਹੀਂ ਸਿਰਜਣਾ ਦੀ ਸਮੁੱਚਤਾ ਵਿੱਚ ਵਹਿਦਤ ਵਾਲਾ ਪੱਖ ਮਜ਼ਬੂਤੀ ਨਾਲ ਪੇਸ਼ ਹੁੰਦਾ ਹੈ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ*
*ਗੁਰ ਪ੍ਰਸਾਦਿ॥*
*(ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)*

ਸਮੁੱਚੀ ਸਿਰਜਣਾ ਦੀ ਚਾਲਣਹਾਰੀ ਊਰਜਾ ਇੱਕ ਹੈ। ਉਸ ਦੀ ਹੋਂਦ ਵਿੱਚ ਸੱਚ ਦਾ
ਵਾਸਾ ਹੈ। ਉਹ ਹਰ ਸਾਜਣਾ ਵਿੱਚ ਨਾਜ਼ਰ ਹੈ। ਬੇਖ਼ੌਫ਼ ਹੈ। ਤੇਰ-ਮੇਰ ਤੋਂ ਉੱਤੇ ਹੈ। ਉਸ
ਦਾ ਰੂਪ ਯੁੱਗੋ-ਯੁੱਗ ਅਟੱਲ ਹੈ। ਜਨਮ-ਮਰਨ ਦੇ ਚੱਕਰ ਤੋਂ ਅਗੰਮ ਹੈ। ਉਹ ਆਪੇ
ਰੌਸ਼ਨ ਹੈ। ਉਸ ਦੀ ਹੋਂਦ, ਵਿਵੇਕ ਦੀ ਰਹਿਮਤ ਨਾਲ ਨਾਜ਼ਲ ਹੁੰਦੀ ਹੈ।
(ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)

ਆਦਰਯੋਗ ਸੰਤ ਮੰਨਦੇ ਹਨ ਕਿ ਸਿਰਜਣਾ ਦੇ ਹਰ ਪੱਖ ਵਿੱਚ ਸਰਗੁਣ ਅਤੇ ਨਿਰਗੁਣ ਦਾ ਵਾਸਾ ਹੈ, ਹਰ ਕਣ ਹਾਜ਼ਰ ਵੀ ਹੈ ਅਤੇ ਨਾਜ਼ਰ ਵੀ।

ਸਰਗੁਣ ਦੇ ਪੰਜ ਤੱਤ ਹਨ; ਪ੍ਰਿਥਵੀ, ਜਲ, ਅਗਨੀ, ਵਾਯੂ ਅਤੇ ਆਕਾਸ਼। ਪ੍ਰਿਥਵੀ ਧਰਤ ਹੈ ਜੋ ਮਾਦੇ ਦਾ ਠੋਸ ਰੂਪ ਹੈ। ਜਲ ਮਾਦੇ ਦਾ ਤਰਲ ਰੂਪ ਹੈ। ਅਗਨੀ ਮਾਦੇ ਦੀ ਬੁਨਿਆਦੀ ਤਪਸ ਹੈ। ਵਾਯੂ ਮਾਦੇ ਦਾ ਹਵਾ ਰੂਪ ਹੈ ਅਤੇ ਆਕਾਸ਼ ਉਹ ਖਲਾਅ ਹੈ ਜਿਸ ਵਿੱਚ ਇਹ ਤੱਤ ਮਿਲ ਕੇ ਠੋਸ ਰੂਪ ਅਖ਼ਤਿਆਰ ਕਰਦੇ ਹਨ।
ਨਿਰਗੁਣ ਵਿੱਚ ਕੁਦਰਤ ਦੇ ਅਦਿੱਖ ਗੁਣਾਂ ਦਾ ਇਜ਼ਹਾਰ ਹੁੰਦਾ ਹੈ ਜੋ ਰੂਪ ਧਾਰਨ ਨਹੀਂ ਕਰਦਾ। ਇਹ ਕੁਦਰਤ ਦੇ ਉਹ ਪੱਖ ਹਨ ਜਿਨ੍ਹਾਂ ਦੀ ਥਾਹ ਮਨੁੱਖੀ ਇੰਦਰੀਆਂ ਨਾਲ ਨਹੀਂ ਪੈਂਦੀ; ਜੋ ਦੇਖਣ, ਸੁਣਨ, ਸੁੰਘਣ, ਛੂਹਣ ਅਤੇ ਸੁਆਦ ਲੈਣ ਦੀਆਂ ਮਨੁੱਖੀ ਇੰਦਰੀਆਂ ਦੁਆਰਾ ਨਹੀਂ ਸਮਝੇ ਜਾਂਦੇ।

*ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ॥*
*(ਰਾਗੁ ਰਾਮਕਲੀ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)*

ਅਨੰਤ ਨਿਰੰਜਣ ਤੋਂ ਨਿਰੰਕਾਰ ਉਪਜਿਆ ਹੈ, ਜਿਸ ਨੇ ਨਿਰਗੁਣ ਤੋਂ ਸਦਗੁਣ ਦਾ ਰੂਪ ਧਾਰਿਆ ਹੈ।
(ਰਾਗ ਰਾਮਕਲੀ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)

ਆਦਰਯੋਗ ਸੰਤ ਮੰਨਦੇ ਹਨ ਕਿ ਸਿਰਜਣਾ ਦੇ ਹਰ ਪੱਖ ਵਿੱਚ ਸਰਗੁਣ ਅਤੇ ਨਿਰਗੁਣ ਦਾ ਵਾਸਾ ਹੈ, ਹਰ ਕਣ ਹਾਜ਼ਰ ਵੀ ਹੈ ਅਤੇ ਨਾਜ਼ਰ ਵੀ।

ਸਰਗੁਣ ਦੇ ਪੰਜ ਤੱਤ ਹਨ; ਪ੍ਰਿਥਵੀ, ਜਲ, ਅਗਨੀ, ਵਾਯੂ ਅਤੇ ਆਕਾਸ਼। ਪ੍ਰਿਥਵੀ ਧਰਤ ਹੈ ਜੋ ਮਾਦੇ ਦਾ ਠੋਸ ਰੂਪ ਹੈ। ਜਲ ਮਾਦੇ ਦਾ ਤਰਲ ਰੂਪ ਹੈ। ਅਗਨੀ ਮਾਦੇ ਦੀ ਬੁਨਿਆਦੀ ਤਪਸ ਹੈ। ਵਾਯੂ ਮਾਦੇ ਦਾ ਹਵਾ ਰੂਪ ਹੈ ਅਤੇ ਆਕਾਸ਼ ਉਹ ਖਲਾਅ ਹੈ ਜਿਸ ਵਿੱਚ ਇਹ ਤੱਤ ਮਿਲ ਕੇ ਠੋਸ ਰੂਪ ਅਖ਼ਤਿਆਰ ਕਰਦੇ ਹਨ।

ਨਿਰਗੁਣ ਵਿੱਚ ਕੁਦਰਤ ਦੇ ਅਦਿੱਖ ਗੁਣਾਂ ਦਾ ਇਜ਼ਹਾਰ ਹੁੰਦਾ ਹੈ ਜੋ ਰੂਪ ਧਾਰਨ ਨਹੀਂ ਕਰਦਾ। ਇਹ ਕੁਦਰਤ ਦੇ ਉਹ ਪੱਖ ਹਨ ਜਿਨ੍ਹਾਂ ਦੀ ਥਾਹ ਮਨੁੱਖੀ ਇੰਦਰੀਆਂ ਨਾਲ ਨਹੀਂ ਪੈਂਦੀ; ਜੋ ਦੇਖਣ, ਸੁਣਨ, ਸੁੰਘਣ, ਛੂਹਣ ਅਤੇ ਸੁਆਦ ਲੈਣ ਦੀਆਂ ਮਨੁੱਖੀ ਇੰਦਰੀਆਂ ਦੁਆਰਾ ਨਹੀਂ ਸਮਝੇ ਜਾਂਦੇ।

*ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ॥*
*(ਰਾਗੁ ਰਾਮਕਲੀ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)*

ਅਨੰਤ ਨਿਰੰਜਣ ਤੋਂ ਨਿਰੰਕਾਰ ਉਪਜਿਆ ਹੈ, ਜਿਸ ਨੇ ਨਿਰਗੁਣ ਤੋਂ ਸਦਗੁਣ ਦਾ ਰੂਪ ਧਾਰਿਆ ਹੈ।

(ਰਾਗ ਰਾਮਕਲੀ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)

ਸਰਗੁਣ ਅਤੇ ਨਿਰਗੁਣ ਦੀ ਖੇਡ ਨਾਲ ਦਿੱਖ ਅਤੇ ਅਦਿੱਖ ਦੀ ਖੇਡ ਖੇਡੀ ਜਾਂਦੀ ਹੈ ਜੋ ਮਨੁੱਖੀ ਇੰਦਰੀਆਂ ਲਈ ਭ੍ਰਮ ਪੈਦਾ ਕਰਦੀ ਹੈ ਅਤੇ 'ਮਾਇਆ' ਕਹਾਉਂਦੀ ਹੈ। ਮਾਇਆ ਨਾਲ ਦਵੈਤ ਸਿਰਜਿਆ ਜਾਂਦਾ ਹੈ ਜੋ ਸਿਰਜਣਾ ਦੇ ਵੱਖ-ਵੱਖ ਪੱਖਾਂ ਦੀ ਵਿਚਲੀਆਂ ਤੰਦਾਂ ਤੋਂ ਮਨ ਦਾ ਨਿਖੇੜਾ ਕਰ ਦਿੰਦਾ ਹੈ। ਇਸੇ ਦਾ ਨਤੀਜਾ ਹੈ ਕਿ ਮਨੁੱਖ ਆਪਣੇ-ਆਪ ਨੂੰ ਸਿਰਜਣਾ ਦੇ ਦੂਜੇ ਪੱਖਾਂ ਤੋਂ ਵੱਖਰਾ ਸਮਝਦਾ ਹੈ।

ਮਾਇਆ ਦਾ ਜਾਲ 'ਤਮੋ', 'ਰਜੋ' ਅਤੇ 'ਸਤੋ' ਰਾਹੀਂ ਫੈਲਿਆ ਹੈ ਜੋ ਗਤੀ ਦੇ ਤਿੰਨ ਰੂਪ ਹਨ। 'ਤਮੋ' ਨੂੰ ਤਮਸ ਵੀ ਕਹਿੰਦੇ ਹਨ ਜਿਸ ਦਾ ਮਾਅਨਾ ਖੜੋਤ ਅਤੇ ਨਾਸ਼ ਹੈ। 'ਰਜੋ' ਨੂੰ ਰਾਜਸ ਵੀ ਕਹਿੰਦੇ ਹਨ ਜਿਸ ਦਾ ਮਾਅਨਾ ਸਰਗਰਮੀ ਅਤੇ ਗਤੀ ਹੈ। 'ਸਤੋ' ਨੂੰ ਸਾਤਵਿਕ ਵੀ ਕਹਿੰਦੇ ਹਨ ਜਿਸ ਦਾ ਮਾਅਨਾ ਉਸਾਰੂ ਅਤੇ ਨਿਰਮਲਤਾ ਹੈ। ਉਪ-ਮਹਾਂਦੀਪ ਦੇ ਸੰਤਾਂ ਦੀ ਹਦਾਇਤ ਹੈ ਕਿ ਆਰਜ਼ੂਮੰਦ ਨੂੰ 'ਮਾਇਆ' ਦੇ ਤਿੰਨਾਂ ਰੂਪਾਂ ਤੋਂ ਉੱਪਰ ਉੱਠ ਜਾਣਾ ਚਾਹੀਦਾ ਹੈ ਅਤੇ 'ਤੁਰੀਆ' ਦੀ ਚਾਹਨਾ ਕਰਨੀ ਚਾਹੀਦੀ ਹੈ ਜਿੱਥੇ ਦਵੈਤ ਖ਼ਤਮ ਹੋ ਜਾਂਦਾ ਹੈ ਅਤੇ ਵਹਿਦਤ ਦੇ ਸੱਚ ਦੀ ਥਾਹ ਪੈਣ ਲੱਗਦੀ ਹੈ।

*ਤ੍ਰੈ ਵਰਤਾਇ ਚਉਥੈ ਘਰਿ ਵਾਸਾ॥*

*ਕਾਲ ਬਿਕਾਲ ਕੀਏ ਇਕ ਗ੍ਰਾਸਾ॥*

*(ਰਾਗ ਮਾਰੂ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)*

ਹੋਂਦ ਦਾ ਪਸਾਰਾ ਮਾਇਆ ਦੇ ਤਿੰਨ ਘਰਾਂ (ਤਮੋ, ਰਜੋ, ਸਤੋ) ਵਿੱਚ ਹੈ। ਚੌਥੇ ਘਰ ਵਿੱਚ ਵਹਿਦਤ ਦੇ ਸੱਚ ਦਾ ਵਾਸਾ ਹੈ।

ਉਸ ਨੇ ਕਾਲ ਅਤੇ ਬਿਕਾਲ ਦੇ ਭ੍ਰਮ ਨੂੰ ਇੱਕੋ ਜਾਣਿਆ ਹੈ।

(ਗੁਰੂ ਨਾਨਕ, ਰਾਗ ਮਾਰੂ, ਗੁਰੂ ਗ੍ਰੰਥ ਸਾਹਿਬ)

ਮਨੁੱਖ ਕੁਦਰਤ ਦਾ ਹਿੱਸਾ ਹੈ ਅਤੇ ਸਿਰਜਣਾ ਦੇ ਇਨ੍ਹਾਂ ਹੀ ਪੱਖਾਂ ਦਾ ਜਮ੍ਹਾਂ-ਜੋੜ ਹੈ। ਹਰ ਤੱਤ ਦੀਆਂ ਬਾਰੀਕ ਅਤੇ ਵਡੇਰੇ ਪੱਧਰ ਉੱਤੇ ਤੰਦਾਂ ਜੁੜੀਆਂ ਹੋਈਆਂ ਹਨ। ਇਸ ਤਰ੍ਹਾਂ ਜੋ ਮਨੁੱਖਾ ਬੁੱਤ ਦੇ ਬਾਹਰ ਸਜਿਆ ਹੈ ਉਸ ਦਾ ਅੰਦਰ ਵੀ ਵਾਸਾ ਹੈ।

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥*
*(ਰਾਗੁ ਧਨਾਸਰੀ, ਭਗਤ ਪੀਪਾ, ਗੁਰੂ ਗ੍ਰੰਥ ਸਾਹਿਬ)*

ਜੋ ਬ੍ਰਹਿਮੰਡ ਵਿੱਚ ਹੈ ਉਹ ਮਨੁੱਖ ਦੇ ਪਿੰਡੇ ਵਿੱਚ ਹੈ।
ਆਰਜ਼ੂਮੰਦ ਇਸ ਹਕੀਕਤ ਦੀ ਥਾਹ ਪਾ ਲੈਂਦਾ ਹੈ।
(ਰਾਗ ਧਨਾਸਰੀ, ਭਗਤ ਪੀਪਾ, ਗੁਰੂ ਗ੍ਰੰਥ ਸਾਹਿਬ)

ਮਨੁੱਖਾ ਹੋਂਦ ਦਾ ਬਿਆਨੀਆ ਦੇਣ ਲਈ ਸੰਤਾਂ ਨੇ ਜ਼ਿਕਰ ਕੀਤਾ ਕਿ ਸਰੀਰ 'ਸਥੂਲ' ਅਤੇ 'ਸੂ਼ਕਸ਼ਮ' ਤੱਤਾਂ ਦੇ ਜੋੜ ਨਾਲ ਬਣਿਆ ਹੈ। 'ਸਥੂਲ ਸਰੀਰ' ਹਾਜ਼ਰ ਹੈ ਅਤੇ 'ਸੂ਼ਕਸ਼ਮ ਸਰੀਰ' ਨਾਜ਼ਰ ਹੈ।

'ਸਥੂਲ ਸਰੀਰ' ਜ਼ਾਹਰਾ ਰੂਪ ਹੈ ਜਿਸ ਦੀਆਂ ਪੰਜ ਗਿਆਨ ਇੰਦਰੀਆਂ ਹਨ: ਅੱਖਾਂ, ਕੰਨ, ਨੱਕ, ਜੀਭ ਅਤੇ ਚਮੜੀ ਜੋ ਦਿਮਾਗ ਨੂੰ ਦੇਖਣ, ਸੁਣਨ, ਸੁੰਘਣ, ਸੁਆਦ ਅਤੇ ਸਪਰਸ਼ ਦੇ ਅਹਿਸਾਸ ਕਰਨ ਵਾਲਾ ਸੁਨੇਹਾ ਦਿੰਦੀਆਂ ਹਨ। 'ਸਥੂਲ ਸਰੀਰ' ਬਾਹਰੀ ਸੂਝ ਨੂੰ 'ਕਰਮ ਇੰਦਰੀਆਂ' ਰਾਹੀਂ ਹੁੰਗਾਰਾ ਭਰਦਾ ਹੈ। ਕਰਮ ਲਈ ਪੰਜ ਅੰਗ ਹਨ: ਹੱਥ, ਲੱਤਾਂ, ਮੂੰਹ, ਪ੍ਰਜਨਨ ਅੰਗ ਅਤੇ ਨਿਕਾਸ ਦਵਾਰ। ਇਨ੍ਹਾਂ ਰਾਹੀਂ ਸਮੁੱਚੀ ਦੁਨੀਆਵੀਂ ਕ੍ਰਿਆ ਨੇਪਰੇ ਚੜ੍ਹਦੀ ਹੈ ਜਿਸ ਵਿੱਚ ਬੋਲਣਾ, ਛੂਹਣਾ, ਸਰਗਰਮੀ, ਪ੍ਰਜਨਨ ਅਤੇ ਨਿਕਾਸ ਸ਼ਾਮਿਲ ਹੈ।

'ਸੂ਼ਕਸ਼ਮ ਸਰੀਰ' ਦਰਅਸਲ ਨਾਜ਼ਰ ਰੂਪ ਹੈ ਜਿਸ ਵਿੱਚ ਚਿੱਤ, ਮਨ, ਅਤੇ ਮੱਤ (ਬੁੱਧੀ) ਸ਼ਾਮਿਲ ਹਨ।

'ਚਿੱਤ' ਵੇਖਣ ਵਾਲੀ ਪੜਚੋਲੀਆ ਕਾਬਲੀਅਤ ਹੈ। 'ਮਨ' ਅਤੇ 'ਮੱਤ' ਫ਼ੈਸਲੇ ਕਰਨ ਵਾਲੀਆਂ ਕਾਬਲੀਅਤਾਂ ਹਨ। 'ਮੱਤ' ਉਹ ਬੁੱਧ ਹੈ ਜਿਸ ਰਾਹੀਂ ਨੇਕੀ ਅਤੇ ਬਦੀ ਦਾ ਨਿਖੇੜਾ ਹੁੰਦਾ ਹੈ। 'ਮਨ' ਮਨਾਉਂਦਾ ਹੈ ਕਿ ਘੱਟ ਤੋਂ ਘੱਟ ਰੋਕ ਵਾਲਾ ਰਾਹ ਅਖ਼ਤਿਆਰ ਕੀਤਾ ਜਾਵੇ। 'ਮਨ' ਅਤੇ 'ਮੱਤ' ਦਾ ਝੇੜਾ, ਫ਼ੈਸਲਾ ਕਰਨ ਦੇ ਮਾਮਲੇ ਵਿੱਚ ਕਸ਼ਮਕਸ਼ ਪੈਦਾ ਕਰਦਾ ਹੈ। ਇਸ ਖਿੱਚ-ਧੂਹ ਵਿੱਚ ਕਾਮਨਾ ਪੈਦਾ ਹੁੰਦੀ ਹੈ ਜੋ 'ਪੰਚ ਚੋਰਾਂ' ਦੀ ਹੌਸਲਾਅਫ਼ਜਾਈ ਕਰਦੀ ਹੈ। ਤਸ਼ਬੀਹੀ ਪੱਖੋਂ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਇਨ੍ਹਾਂ ਪੰਜ-ਚੋਰਾਂ ਦੀ ਨੁਮਾਇੰਦਗੀ ਕਰਦੇ ਹਨ ਜੋ ਮਨੁੱਖ ਦਾ ਚੈਨ ਖੋਹ ਲੈਂਦੇ ਹਨ।

*ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ॥*
*ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ॥*
*(ਰਾਗੁ ਗਉੜੀ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)*

ਹੇ ਮਨਾ, ਉਹ ਪੰਜ ਵਿਕਾਰ ਹਨ ਅਤੇ ਮੈਂ ਫ਼ਾਨੀ ਇਕੱਲਾ ਹਾਂ। ਮੈਂ ਤੇਰੇ ਘਰ-ਬਾਰ ਦੀ ਰਾਖੀ ਕਿਵੇਂ ਕਰ ਸਕਦਾ ਹਾਂ? ਵਿਕਾਰ ਮੈਨੂੰ ਹਰ ਰੋਜ਼ ਇਖਲਾਕ ਦੇ ਰਾਹ ਤੋਂ ਭਟਕਾਉਂਦੇ ਹਨ। ਮੈਂ ਕਿਸ ਅੱਗੇ ਫ਼ਰਿਆਦ ਕਰਾਂ?
(ਰਾਗ ਗਉੜੀ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)

ਇਨ੍ਹਾਂ ਅਵਗੁਣਾਂ ਦੇ ਅਸਰ ਖ਼ਿਲਾਫ਼ ਲੜਨ ਲਈ ਸੰਤਾਂ ਨੇ ਗਿਆਨ ਰੂਪੀ ਵਿਵੇਕ ਨੂੰ ਜਜ਼ਬ ਕਰਨ ਅਤੇ ਨਾਮ ਰੂਪੀ ਆਤਮ-ਪੜਚੋਲ ਦੀ ਸਿਫ਼ਾਰਿਸ਼ ਕੀਤੀ। ਇਨ੍ਹਾਂ ਉਪਰਾਲਿਆਂ ਰਾਹੀਂ ਆਰਜ਼ੂਮੰਦ 'ਨਵਿਰਤੀ ਮਾਰਗ' ਦੇ ਰਾਹ ਪੈ ਜਾਂਦਾ ਹੈ ਜੋ ਅੰਦਰ ਵੱਲ ਜਾਂਦਾ ਅਹਿਸਾਸ ਦਾ ਰਾਹ ਹੈ। ਇਹੋ ਰਾਹ ਅੱਗੇ ਜਾ ਕੇ 'ਪਾਰਵਰਿਤ ਮਾਰਗ' ਹੋ ਜਾਂਦਾ ਹੈ ਜੋ ਹਕੀਕੀ ਤੌਰ ਉੱਤੇ ਬਾਹਰੀ ਰਾਹ ਹੈ। ਤਵਾਜੁਨ ਜਾਂ ਅਡੋਲਤਾ 'ਧਰਮ' ਦੀ ਸਰਵੋਤਮ ਅਵਸਥਾ ਹੈ। ਧਰਮ ਹੀ ਨੇਕੀ ਅਤੇ ਰੱਦਿ-ਅਮਲ ਦੀ ਅਗਵਾਈ ਕਰਨ ਵਾਲੀ ਤਾਕਤ ਹੈ।

*ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥*
*ਮਨਮੁਖ ਕਚੇ ਕੂੜਿਆਰ ਤਿਨ੍ਹੀ ਨਿਹਚਉ ਦਰਗਹ ਹਾਰਿਆ ॥*
*ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ਹੀ ਮਾਰਿਆ ॥*
*(ਰਾਗੁ ਮਲਾਰ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)*

ਕਰਮ ਅਤੇ ਸੋਚ-ਵਿਚਾਰ ਨੇਕੀ ਦੀ ਅਗਵਾਈ ਵਿੱਚ ਚਲਦੇ ਦੋ ਸਿਰੇ ਹਨ। ਮਨਮੁਖ ਕਮਜ਼ੋਰ ਅਤੇ ਨਾਕਾਰਾਤਮਕ ਹੈ ਜਿਸ ਕਾਰਨ ਉਹ ਆਪਣੀ ਦਿਆਨਤ ਗੁਆ ਦਿੰਦੇ ਹਨ। ਰੂਹਾਨੀ ਬਿਰਤੀ ਵਾਲੇ ਮਨੁੱਖ ਯੋਧੇ ਹਨ ਜੋ ਕਾਮ ਅਤੇ ਕਰੋਧ ਉੱਤੇ ਜਿੱਤ ਹਾਸਿਲ ਕਰ ਲੈਂਦੇ ਹਨ।
(ਰਾਗ ਮਲਾਰ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)

ਭਗਤੀ ਲਹਿਰ ਦੇ ਉਪ-ਮਹਾਂਦੀਪ ਦੇ ਸੰਤਾਂ ਨੇ ਆਰਜ਼ੂਮੰਦਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਆਪਣੀਆਂ ਪਰਤਾਂ ਨੂੰ ਉਭਾਰ ਕੇ ਵਹਿਦਤ ਦੀ ਰੌਸ਼ਨ-ਖ਼ਿਆਲੀ ਦੇ ਖੇੜੇ ਵਿਚ ਰੰਗੇ ਜਾਣ।

*ਏਕੋ ਧਰਮੁ ਦ੍ਰਿੜੈ ਸਚੁ ਕੋਈ ॥*
*(ਰਾਗੁ ਬਸੰਤ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)*

ਸੱਚ ਹੀ ਇੱਕੋ-ਇੱਕ ਧਰਮ ਹੈ ਜੋ ਆਲਮੀ ਨੇਮ ਹੈ।

(ਰਾਗ ਬਸੰਤ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ)

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ: OnenessInDiversity.com**

**ਈਮੇਲ: onenessindiversityfoundation@gmail.com**